# ਸਕੂਲ ਵਾਊਚਰ *(School Vouchers)* ਸਰਕਾਰੀ ਸਿੱਖਿਆ ਨੂੰ ਅਸਥਿਰ ਅਤੇ ਆਰਥਿਕ ਵਸੀਲਿਆਂ ਤੋਂ ਵਾਂਝਾ ਕਰਦੇ ਹਨ

ਏਸ਼ੀਅਨ ਅਮਰੀਕਨ ਅਡਵਾਂਸਿੰਗ ਜਸਟਿਸ, ਏਏਜੇਸੀ, ਰਾਹੀਂ ਅਸੀਂ ਏਸ਼ੀਅਨ ਅਮਰੀਕਨ ਭਾਈਚਾਰਿਆਂ ਦੀ ਸਿੱਖਿਆ ਦੀ ਬਰਾਬਰੀ ਦਾ ਸਮਰਥਨ ਅਤੇ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਨਾਗਰਿਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਦਾ ਕੰਮ ਕਰਦੇ ਹਾਂ। ਮਜ਼ਬੂਤ, ਪੂਰੀ ਤਰ੍ਹਾਂ ਵਿੱਤੀ ਸਹਾਇਤਾ ਪ੍ਰਾਪਤ ਸਰਕਾਰੀ ਸਕੂਲ, ਬੱਚਿਆਂ ਵਾਸਤੇ ਬਰਾਬਰੀ ਨੂੰ ਉਤਸ਼ਾਹਤ ਕਰਨ ਅਤੇ ਉਨ੍ਹਾਂ ਨੂੰ ਭਵਿੱਖ ਦੇ ਆਗੂ ਵੱਜੋਂ ਵੱਧਣ-ਫੁੱਲਣ ਦੇ ਯੋਗ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਹਾਲ ਹੀ ਵਿੱਚ ਸੂਬਾ ਅਤੇ ਫੈਡਰਲ ਪੱਧਰ ਉੱਤੇ ਸਕੂਲ ਵਾਊਚਰਾਂ ਵਾਲੇ ਕਾਨੂੰਨ ਦੋਬਾਰਾ ਵਿਚਾਰੇ ਜਾ ਰਹੇ ਹਨ।**[1] ਇਹ ਕਾਨੂੰਨ ਇਸ ਵੇਲੇ ਅਮਰੀਕਾ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਰ ਰਹੇ 2.8 ਮਿਲੀਅਨ ਏਸ਼ੀਅਨ ਅਮਰੀਕਨ *(Asian American)*, ਸਥਾਨਕ ਹਵਾਈ ਮੂਲ ਦੇ ਨਾਗਰਿਕਾਂ *(Native Hawaiian)*, ਅਤੇ ਪੈਸਿਫ਼ਿਕ ਆਇਸਲੈਂਡਰ *(Pacific Islander)* "AANHPI" ਬੱਚਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਕੀ ਜਾਣਨਾ ਤੁਹਾਡੇ ਲਈ ਲਾਜ਼ਮੀ ਹੈ?[2]

## ਸਕੂਲ ਵਾਊਚਰ *(School Vouchers)* ਕੀ ਹੁੰਦੇ ਹਨ?

**ਸਕੂਲ ਵਾਊਚਰਾਂ ਅਤੇ ਕੇ-12 ਐਜੂਕੇਸ਼ਨ ਸਕਾਲਰਸ਼ਿਪ ਅਕਾਊਂਟਸ (ਈਐਸਏਜ਼) ਵਾਸਤੇ ਪੈਸਾ ਫੈਡਰਲ, ਸੂਬਾ ਅਤੇ ਸਥਾਨਕ ਟੈਕਸਾਂ ਦੇ ਰੂਪ ਵਿੱਚ ਆਮ ਲੋਕਾਂ ਵੱਲੋਂ ਦਿੱਤੇ ਗਏ ਟੈਕਸ ਦੇ ਡਾਲਰਾਂ ਰਾਹੀਂ ਆਉਂਦਾ ਹੈ।** ਬੱਚਿਆਂ ਦੇ ਪਰਿਵਾਰ ਇਨ੍ਹਾਂ ਵਾਊਚਰਾਂ ਦੀ ਵਰਤੋਂ ਨਿੱਜੀ, ਚਾਰਟਰ, ਧਾਰਮਿਕ ਅਤੇ ਹੋਮਸਕੂਲ ਸਿੱਖਿਆ ਪ੍ਰੋਗਰਾਮਾਂ ਵਾਸਤੇ ਕਰ ਸਕਦੇ ਹਨ।

## ਵਾਊਚਰ ਸਰਕਾਰੀ ਸਿੱਖਿਆ ਨੂੰ ਸਰਕਾਰੀ ਆਰਥਕ ਸਹਾਇਤਾ ਤੋਂ ਵਾਂਝਾ ਕਰਦੇ ਹਨ

ਆਮ ਤੌਰ 'ਤੇ ਸਕੂਲ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ ਸਰਕਾਰੀ ਸਕੂਲਾਂ ਨੂੰ ਸਰਕਾਰ ਡਾਲਰ ਦਿੰਦੀ ਹੈ। **ਜਦੋਂ ਸਕੂਲ ਵਾਊਚਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਸਰਕਾਰੀ ਖਾਤੇ ਵਿੱਚੋਂ ਬੱਚਿਆਂ ਲਈ ਦਿੱਤੇ ਜਾਣ ਵਾਲਾ ਪੈਸਾ ਸਰਕਾਰੀ ਸਿੱਖਿਆ ਢਾਂਚੇ ਤੋਂ ਖੋਹ** ਲਿਆ ਜਾਂਦਾ ਹੈ ਅਤੇ ਆਪਣੇ ਨਾਲ ਸੰਬੰਧਤ ਸਰਕਾਰੀ ਸਕੂਲਾਂ ਨੂੰ ਦੇਣ ਦੀ ਬਜਾਇ ਚਾਰਟਰਾਂ, ਪ੍ਰਾਈਵੇਟ ਸਕੂਲਾਂ ਅਤੇ ਹੋਮਸਕੂਲ ਪ੍ਰੋਗਰਾਮਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਇਸ ਕਰਕੇ ਸਰਕਾਰੀ ਸਕੂਲਾਂ ਨੂੰ ਸਰਕਾਰੀ ਆਰਥਿਕ ਸਹਾਇਤਾ ਤੋਂ ਵਾਂਝੇ ਹੋਣ ਤੋਂ ਬਚਾਉਣਾ ਜ਼ਰੂਰੀ ਹੈ-ਜਿਨ੍ਹਾਂ ਵਿੱਚ 50,000,000 (ਜਾਂ 90%) ਅਮਰੀਕੀ ਬੱਚੇ ਵਿੱਦਿਆ ਹਾਸਲ ਕਰ ਰਹੇ ਹਨ।[3]

## ਵਾਊਚਰ ਕਮਜ਼ੋਰ ਕਾਰਗੁਜ਼ਾਰੀ ਵਾਲੇ ਸਕੂਲਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ।

ਉਂਝ ਤਾਂ ਵਾਊਚਰਾਂ ਨੂੰ ਕਮਜ਼ੋਰ-ਕਾਰਗੁਜ਼ਾਰੀ ਵਾਲੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਧੇਰੇ-ਕਾਰਗੁਜ਼ਾਰੀ ਵਾਲੇ ਸਕੂਲਾਂ ਵਿੱਚ ਜਾਣ ਦੀ "ਸਕੂਲ ਚੁਣਨ" ਦੀ ਸਹੂਲਤ ਦੇ ਰੂਪ ਵਿੱਚ ਪ੍ਰਚਾਰੇ ਜਾਂਦੇ ਹਨ, ਅੰਕੜੇ ਦੱਸਦੇ ਹਨ ਕਿ ਵਾਊਚਰ ਇਨ੍ਹਾਂ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ।[4] ਕੁਝ ਮਾਮਲਿਆਂ ਵਿੱਚ, ਕਮਜ਼ੋਰ-ਕਾਰਗੁਜ਼ਾਰੀ ਵਾਲੇ ਸਕੂਲਾਂ ਤੋਂ ਚਾਰਟਰ ਜਾਂ ਪ੍ਰਾਇਵੇਟ ਸਕੂਲ ਵਿੱਚ ਜਾਣ ਵਾਲੇ ਵਿਦਿਆਰਥੀ ਨੂੰ ਸਿੱਖਿਆ ਦੇ ਮਾੜੇ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।[5] ਹੋਰ ਤਾਂ ਹੋਰ ਪ੍ਰਾਇਵੇਟ ਸਕੂਲਾਂ ਦੀ ਟਿਊਸ਼ਨ ਫ਼ੀਸ ਅਕਸਰ ਸਕੂਲ ਵਾਊਚਰਾਂ ਤੋਂ ਵੱਧ ਹੁੰਦੀ ਹੈ, ਜਿਸ ਨਾਲ ਵਾਊਚਰਾਂ ਦੀ ਵਰਤੋਂ ਸਿਰਫ਼ ਅਮੀਰ ਵਿਦਿਆਰਥੀਆਂ ਤੱਕ ਸੀਮਿਤ ਰਹਿ ਜਾਂਦੀ ਹੈ ਜਿਨ੍ਹਾਂ ਦੇ ਪਰਿਵਾਰ ਫ਼ੀਸ ਦੇ ਘਾਟੇ ਨੂੰ ਆਪਣੀ ਜੇਬ ਵਿੱਚੋਂ ਪੂਰਾ ਕਰ ਸਕਦੇ ਹੋਣ।[6]

1 School Voucher Legislation Tracker, Public Funds Public Schools. Accessed November 29. 2024. https://pfps.org/billtracker/
2 2.7 million Asian students + 182,000 Pacific Islander students (includes Native Hawaiian). https://nces.ed.gov/programs/coe/glossary#race
Public School Enrollment, National Center for Education Statistics. Accessed November 29, 2024. https://nces.ed.gov/programs/coe/indicator/cga/public-school-enrollment
3 Report on the Condition of Education 2024, National Center for Education Statistics. https://nces.ed.gov/pubs2024/2024144.pdf
4 Protect Public Schools: An Advocacy Toolkit to Fight School Voucher Programs, EdTrust, October 2024. https://edtrust.org/rti/advocacy-toolkit-to-fight-school-voucher-programs/
5. Vouchers Harm Student Achievement As Much As Natural Disasters, National Coalition for Public Education. Accessed May 20, 2025. https://www.ncpecoalition.org/vouchers-harm-student-achievement
6. Protect Public Schools: An Advocacy Toolkit to Fight School Voucher Programs, EdTrust, October 2024. https://edtrust.org/rti/advocacy-toolkit-to-fight-school-voucher-programs/

*Last revised 6/27/25*

ASIAN AMERICANS ADVANCING JUSTICE
AAJC

# ਵਾਊਚਰ ਸਰਕਾਰੀ ਸਿੱਖਿਆ ਢਾਂਚੇ ਨੂੰ ਅਸਥਿਰ ਕਰਦੇ ਹਨ, ਜਿਸ ਦੇ ਨਾਂਹ-ਪੱਖੀ ਨਤੀਜੇ ਨਿਕਲਦੇ ਹਨ, ਜਿਵੇਂ:

**ਐਡਵਾਂਸਡ ਪਲੇਸਟਮੈਂਟ (ਏਪੀ) ਦੀਆਂ ਕਲਾਸਾਂ ਵਰਗੇ ਕੋਰਸਵਰਕ ਨੂੰ ਪਹਿਲਾਂ ਦਿੱਤੀ ਜਾ ਰਹੀ ਤਰਜੀਹ ਦੇਣੀ ਬੰਦ ਕਰ ਦਿੱਤੀ ਜਾਂਦੀ** ਹੈ। ਸੰਨ 2023 ਵਿੱਚ 348, 335 ਏਸ਼ੀਆਈ ਅਮਰੀਕੀ, 3901 ਸਥਾਨਕ ਹਵਾਈ ਅਤੇ ਪੈਸੇਫ਼ਿਕ ਆਇਸਲੈਂਡਰ ਮੂਲ ਦੇ ਵਿਦਿਆਰਥੀਆਂ ਨੇ ਏਪੀ ਇਮਤਿਹਾਨ ਦਿੱਤੇ, ਇਸ ਗਿਣਤੀ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਇਮਤਿਹਾਨਾਂ ਵਾਸਤੇ ਵਿਦਿਆਰਥੀਆਂ ਦੀ ਤਿਆਰੀ ਕਰਵਾਉਣ ਲਈ ਸਕੂਲਾਂ ਵੱਲੋਂ ਏਪੀ ਕਲਾਸਾਂ ਲਾਉਣ ਦੀ ਕਿੰਨੀ ਮੰਗ ਅਤੇ ਲੋੜ ਹੈ।[7] ਹਾਲਾਂਕਿ, ਇਕ ਕਲਾਸ ਦੇ ਵਿਦਿਆਰਥੀਆਂ ਨੂੰ ਇਮਤਿਹਾਨ ਦੀ ਤਿਆਰ ਕਰਵਾਉਣ ਵਾਸਤੇ ਇਸ ਕੋਰਸ ਦੀ ਲਾਗਤ ਇਕ ਸਕੂਲ ਨੂੰ 1900.00 ਡਾਲਰ ਤੋਂ ਲੈ ਕੇ 11, 650.00 ਡਾਲਰ ਤੱਕ ਪੈਂਦੀ ਹੈ, ਵਾਊਚਰਾਂ ਨਾਲ ਪਹਿਲਾਂ ਤੋਂ ਹੀ ਘੱਟ ਬਜਟ ਉੱਤੇ ਹੋਰ ਜ਼ਿਆਦਾ ਦਬਾਅ ਪਵੇਗਾ।[8]

**ਅੰਗਰੇਜ਼ੀ ਸਿੱਖਣ ਵਾਲੇ ਅਤੇ ਅੰਗਹੀਣ ਵਿਦਿਆਰਥੀਆਂ ਲਈ ਫੰਡਾਂ ਦੀ ਘਾਟ**

1.5 ਮਿਲੀਅਨ ਏਏਐਨਐਚਪੀਆਈ ਵਿਦਿਆਰਥੀ ਅੰਗਹੀਣ ਹਨ ਅਤੇ ਉਨ੍ਹਾਂ ਦੀਆਂ ਸਿੱਖਣ ਦੀਆਂ ਵਿਸ਼ੇਸ਼ ਜ਼ਰੂਰਤਾਂ ਹਨ, ਜੋ ਅਮਰੀਕਾ ਦੇ ਕੁੱਲ ਅੰਗਹੀਣ ਵਿਦਿਆਰਥੀਆਂ ਦਾ 20% ਬਣਦੇ ਹਨ ਅਤੇ ਅੰਗਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਦੀ ਕੁੱਲ ਆਬਾਦੀ ਦਾ 6.8% ਬਣਦੇ ਹਨ। ਅੰਗਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਦੇ ਘਰਾਂ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ 10 ਭਾਸ਼ਾਵਾਂ ਵਿੱਚ ਅਰਬੀ, ਚੀਨੀ, ਵਿਅਤਨਾਮੀ, ਹਮੋਂਗ ਅਤੇ ਉਰਦੂ ਸ਼ਾਮਲ ਹੈ। ਵਿਸ਼ੇਸ਼ ਸਿੱਖਿਆ ਦੇਣ ਵਾਲੇ ਯੋਗ ਅਤੇ ਈਐਸਓਐਲ ਦੀ ਮਾਨਤਾ ਪ੍ਰਾਪਤ ਸਟਾਫ਼ ਅਤੇ ਇੰਟਰਪ੍ਰੇਟਰ ਰੱਖਣ ਵਾਸਤੇ ਵਾਜਿਬ ਫੰਡਾਂ ਦੀ ਲੋੜ ਹੈ।[9]

**ਪੇਂਡੂ ਸਕੂਲਾਂ ਦਾ ਬੰਦ ਹੋਣਾ**

196, 000 ਤੋਂ ਜ਼ਿਆਦਾ ਏਸ਼ੀਆਈ ਅਮਰੀਕੀ ਬੱਚੇ ਅਤੇ 19, 600 ਸਥਾਨਕ ਹਵਾਈ ਅਤੇ ਪੈਸੇਫ਼ਿਕ ਆਇਸਲੈਂਡਰ ਮੂਲ ਦੇ ਬੱਚੇ ਪੇਂਡੂ ਇਲਾਕਿਆਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਪੇਂਡੂ ਸਕੂਲਾਂ ਵਿੱਚ ਦਾਖ਼ਲਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ ਅਤੇ ਸਥਾਨਕ ਟੈਕਸ ਦੇ ਡਾਲਰ ਬਹੁਤ ਘੱਟ ਜਮ੍ਹਾਂ ਹੁੰਦੇ ਹਨ, ਇਸ ਕਰਕੇ ਵਾਊਚਰਾਂ ਦੇ ਨਾਲ ਇਨ੍ਹਾਂ ਸਕੂਲਾਂ ਨੂੰ ਬਜਟ ਕਟੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਵੇਂ ਵਾਊਚਰਾਂ ਦੀ ਵਰਤੋਂ ਪ੍ਰਾਈਵੇਟ ਸਕੂਲਾਂ ਵਿੱਚ ਕੀਤੀ ਜਾ ਸਕਦੀ ਹੈ ਪਰ ਪੇਂਡੂ ਇਲਾਕਿਆਂ ਵਿੱਚ ਪ੍ਰਾਈਵੇਟ ਸਕੂਲ ਬਹੁਤ ਘੱਟ ਹਨ ਅਤੇ ਨਾ ਹੀ ਆਵਾਜਾਈ ਦੇ ਸਾਧਨਾਂ ਦੀ ਗਰੰਟੀ ਦਿੰਦੇ ਹਨ। ਪੇਂਡੂ ਜ਼ਿਲ੍ਹਿਆਂ ਦੇ ਬੱਚਿਆਂ ਵਾਸਤੇ ਸਰਕਾਰੀ ਸਕੂਲ ਹੀ ਅਕਸਰ ਇਕੋ-ਇਕ ਵਿਕਲਪ ਹੁੰਦੇ ਹਨ।[10, 11]

ਇਸ ਦੇ ਨਾਲ ਹੀ, ਵਾਊਚਰ ਪ੍ਰਾਪਤ ਕਰਨ ਵਾਲੇ ਵਿੱਦਿਅਕ ਪ੍ਰੋਗਰਾਮਾਂ ਉੱਤੇ ਨਾਗਰਿਕ ਹੱਕਾਂ ਜਾਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਵਸੀਲੇ ਪ੍ਰਦਾਨ ਕਰਨ ਸੰਬੰਧੀ ਫੈਡਰਲ ਸ਼ਰਤਾਂ ਲਾਗੂ ਨਹੀਂ ਹੁੰਦੀਆਂ। ਇਸ ਲਈ, **ਵਾਊਚਰ ਉਨ੍ਹਾਂ ਕੋਰਸਾਂ ਉੱਤੇ ਲੋਕਾਂ ਦੇ ਟੈਕਸ ਦੇ ਡਾਲਰ ਖ਼ਰਚ ਕਰਵਾਉਂਦੇ ਹਨ ਜਿਹੜੇ ਕੋਰਸ ਗ਼ਰੀਬੀ ਨਾਲ ਜੂਝ ਰਹੇ**, ਅੰਗਹੀਣ, ਗ਼ੈਰ-ਗੋਰੇ, ਐਲਜੀਬੀਟੀਕਯੂ+ ਅਤੇ ਅੰਗਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਪ੍ਰਤੀ ਵਿਤਕਰੇ ਨੂੰ ਵਧਾਉਂਦੇ ਹਨ। ਇਤਿਹਾਸਕ ਤੌਰ 'ਤੇ ਇਹ ਕੋਰਸ ਬੁਨਿਆਦੀ ਰੂਪ ਵਿੱਚ ਨਸਲੀ "ਵੰਡ ਪਾਉਣ ਵਾਲੀਆਂ ਅਕਾਦਮੀਆਂ" ਦੀ ਭੂਮਿਕਾ ਨਿਭਾਉਂਦੇ ਰਹੇ ਹਨ।[12]

7. AP Participation 2013-2023. College Board. Accessed November 29, 2024. https://apcentral.collegeboard.org/about-ap/ap-data-research/national-state-data
8. Consider the Costs, College Board. Accessed May 20, 2025. https://apcentral.collegeboard.org/about-ap/start-expand-ap-program/start/consider-costs
9. English Learners in Public school. National Center for Education Statistics. Accessed November 30, 2024. https://nces.ed.gov/programs/coe/indicator/cgf/english-learners
10. "Madison County school board votes to close three elementary schools," Tallahassee Democrat, July 18, 2024. https://www.tallahassee.com/story/news/communities/2024/07/18/madison-county-school-board-votes-to-close-three-elementary-schools/74430316007/
11. Students in Rural Public Schools: By the Numbers." National School Board Association. November 6, 2023. https://www.nsba.org/ASBJ/2023/december/research
12. "The 'Catastrophic Failure' of School Vouchers," National Education Association. September 20, 2024. https://www.nea.org/nea-today/all-news-articles/school-vouchers-catastrophic-failure

## ਤੁਸੀਂ ਇਸ ਵਾਸਤੇ ਕੀ ਕਰ ਸਕਦੇ ਹੋ

**ਸਰਕਾਰੀ ਸਕੂਲਾਂ ਨੂੰ ਮਜ਼ਬੂਤ, ਪੂਰੇ ਫੰਡ ਹਾਸਲ ਕਰਨ ਵਾਲੇ ਅਤੇ ਸਾਰੇ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਨ ਦੇ ਯੋਗ ਬਣਾਈ ਰੱਖਣ ਲਈ ਏਏਐਨਐਚਪੀਆਈ ਨਾਗਰਿਕਾਂ ਦਾ ਸਮਰਥਨ ਕਰਨ ਵਾਲੇ ਲੋਕ ਹੋਰ ਭਾਈਚਾਰਿਆਂ ਨਾਲ ਸਾਂਝੀਵਾਲਤਾ ਪੈਦਾ ਕਰਕੇ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਦੇ ਹਨ।**

- ਤੁਹਾਡੇ ਸੂਬੇ ਵਿੱਚ ਇਸ ਨਾਲ ਸੰਬੰਧਤ ਕਾਨੂੰਨ ਦੀ **ਨਿਗਰਾਨੀ** **ਇੱਥੇ** ਕਰਨਾ
- ਆਪਣੇ ਭਾਈਚਾਰੇ ਨੂੰ ਪਬਲਿਕ **ਸਕੂਲ ਸਟ੍ਰਾਂਗ ਵਰਗੀਆਂ** ਸਰਕਾਰੀ ਸਕੂਲਾਂ ਦਾ ਸਮਰਥਨ ਕਰਨ ਵਾਲੀਆਂ ਮੁਹਿੰਮਾਂ ਦਾ ਹਿੱਸਾ ਬਣਨ ਲਈ **ਸੱਦਾ ਦੇਣਾ**
- ਸਕੂਲ ਬੋਰਡਾਂ ਨੂੰ ਸਕੂਲ ਵਾਊਚਰਾਂ ਅਤੇ ਸਰਕਾਰੀ ਫ਼ੰਡ ਬੰਦ ਕਰਨ ਦੇ ਖ਼ਿਲਾਫ਼ ਮਤੇ ਪਾਉਣ ਲਈ **ਅਪੀਲ ਕਰਨਾ**
- ਸਰਕਾਰੀ ਸਕੂਲਾਂ ਨੂੰ ਪੂਰੀ ਤਰ੍ਹਾਂ ਸਰਕਾਰੀ ਫ਼ੰਡ ਮਿਲਣੇ ਕਿੰਨੇ ਜ਼ਰੂਰੀ ਹਨ ਇਸ ਬਾਰੇ ਜਾਣਕਾਰੀ ਦੇਣ ਲਈ ਚੋਣਾਂ ਰਾਹੀਂ ਚੁਣੇ ਹੋਏ ਸਿਆਸੀ ਪ੍ਰਤਿਨਿਧਿਆਂ ਨਾਲ **ਸੰਪਰਕ ਕਰਨਾ**। **ਇਸ** ਬਾਰੇ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੀਆਂ ਐਡਟਰੱਸਟ ਅਤੇ ਐਨਸੀਪੀਈ ਦੀਆਂ ਟੂਲਕਿੱਟਾਂ ਦੇਖੋ।

## ਵਧੇਰੇ ਜਾਣਕਾਰੀ ਲਈ ਸਰੋਤ

| | | |
|---|---|---|
| **ਨੀਤੀ ਦਾ ਸਮਰਥਨ** | **ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ । ਏਏਜੇਸੀ** | ਸਿੱਖਿਆ ਦੀ ਫ਼ੰਡਿੰਗ ਸੰਬੰਧੀ ਕਾਨੂੰਨਾਂ ਦੀ ਨਿਗਰਾਨੀ ਕਰਨ ਵਾਲਾ ਸੰਦ |
| **ਪਿਛੋਕੜ** | **ਇੰਟਰਕਲਚਰਲ ਡਵੈਲਪਮੈਂਟ ਰਿਸਰਚ ਐਸੋਸਿਏਸ਼ਨ** (ਆਈਡੀਆਰਏ) | ਵਾਊਚਰ ਬੰਦ ਕਰਵਾਉਣ ਬਾਰੇ ਜਾਣਕਾਰੀ ਦਿੰਦੇ ਸਾਧਨ |
| | **ਪਾਰਟਨਰਸ਼ਿਪ ਫ਼ਾਰ ਦ ਫ਼ਿਊਚਰ ਲਰਨਿੰਗ** ਵੱਲੋਂ ਟਰੁੱਥ ਇਨ ਐਜੂਕੇਸ਼ਨ ਫ਼ੰਡਿੰਗ | ਵਾਊਚਰਾਂ ਅਤੇ ਸਰਕਾਰੀ ਸਿੱਖਿਆ ਬਾਰੇ ਕਿਤਾਬਚਾ |
| | **ਐਜੂਕੇਸ਼ਨ ਲਾਅ ਸੈਂਟਰ ਵੱਲੋਂ ਪਬਲਿਕ ਫੰਡਜ਼ ਪਬਲਿਕ ਸਕੂਲਜ਼ ਮੁਹਿੰਮ** | ਮੁਹਿੰਮ ਦੀ ਵੈਬਸਾਈਟ |
| | **ਸਟੈਨਫ਼ੋਰਡ ਦਾ ਐਜੂਕੇਸ਼ਨ ਓਪਰਚੂਨਿਟੀ ਪ੍ਰੋਜੈਕਟ** | ਦ ਸੈਗਰੀਗੇਸ਼ਨ ਐਕਸਪਲੋਰਰ |
| **ਸਕੂਲ ਡਿਸਟ੍ਰਿਕਟਸ ਵਾਸਤੇ** | **ਨੈਸ਼ਨਲ ਐਜੂਕੇਟਰਜ਼ ਐਸੋਸੀਏਸ਼ਨ** (ਐਨਈਏ) | ਸਕੂਲ ਬੋਰਡ ਰੈਜ਼ੋਲਿਊਸ਼ਨ ਟੈਂਪਲੇਟ |
| **ਵਕੀਲਾਂ ਅਤੇ ਭਾਈਚਾਰੇ ਦੇ ਮੈਂਬਰਾਂ ਵਾਸਤੇ** | **ਐਡਟਰੱਸਟ** | ਸਕੂਲ ਵਾਊਚਰ ਪ੍ਰੋਗਰਾਮਾਂ ਦੇ ਖ਼ਿਲਾਫ਼ ਲੜਨ ਵਿੱਚ ਸਾਥ ਦੇਣ ਲਈ ਟੂਲਕਿੱਟ |
| | **ਨੈਸ਼ਨਲ ਕੋਲੀਸ਼ਨ ਫ਼ਾਰ ਪਬਲਿਕ ਐਜੂਕੇਸ਼ਨ (ਐਨਸੀਪੀਈ)** | ਸੂਬੇ ਦੇ ਵਿਧਾਇਕਾਂ ਅਤੇ ਵਕੀਲਾਂ ਵਾਸਤੇ ਟੂਲਕਿੱਟ |
| | **ਹੀਲ ਟੂਗੈਦਰ ਵੱਲੋਂ ਮਾਪਿਆਂ,** ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਚਲਾਈ ਜਾ ਰਹੀ ਮੁਹਿੰਮ ਪਬਲਿਕ ਸਕੂਲ ਸਟਰੌਂਗ | ਮੁਹਿੰਮ ਦੀ ਵੈੱਬਸਾਈਟ |